ੴ ਸਤਿਗੁਰ ਪ੍ਰਸਾਦਿ !

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ

ਆਸਾ ਦੀ ਵਾਰ

ਦਾ

ਭਾਵ ਪ੍ਰਕਾਸ਼ਨੀ ਟੀਕਾ

DYAL SINGH LAHORE LIBRARY

ਕ੍ਰਿਤ
ਤੇਜਾ ਸਿੰਘ, ਐਮ. ਏ.
ਪ੍ਰੋਫੈਸਰ, ਖਾਲਸਾ ਕਾਲਜ, ਅੰਮ੍ਰਿਤਸਰ

ਪ੍ਰਕ ਸ਼ਕ–ਕਰਤਾ

ਪਹਿਲੀ ਵਾਰ]
੧੯੩੮ [ਮੇਘ ਸਣੇ ਜਿਲਦ III)

24413

'ਪੰਜਾਬ ਲਿਟ੍ਰੇਰੀ ਪ੍ਰੈਸ' ਕਟੜਾ ਸ਼ੇਰ ਸਿੰਘ ਅੰਮ੍ਰਿਤਸਰ ਵਿੱਚ
ਮਿ: ਸ਼ੰਮਸ ਦੀਨ ਪ੍ਰਿੰਟਰ ਦੇ ਪ੍ਰਬੰਧ ਹੇਠ ਛਪਿਆ।

ਭੂਮਿਕਾ

੧.

ਪੰਜਾਬ ਤੇ ਯੂਨਾਨ ਸੂਰਮਿਆਂ ਦੇ ਦੇਸ ਹਨ। ਇਨ੍ਹਾਂ ਦੋਹਾਂ ਦੇਸਾਂ ਦਾ ਆਪੋ ਵਿਚ ਢੇਰ ਚਿਰ ਤਾਈਂ ਗੂੜ੍ਹਾ ਸੰਬੰਧ ਰਿਹਾ ਹੈ। ਯੂਨਾਨੀ ਲੋਕ ਸਦੀਆਂ ਤੀਕ ਇਥੇ ਰਾਜ ਕਰਦੇ ਰਹੇ ਹਨ। ਉਨ੍ਹਾਂ ਦੇ ਸਿੱਕੇ ਹੁਣ ਤਾਈਂ ਪੁਰਾਣੇ ਥੇਹਾਂ ਤੋਂ ਲਭਦੇ ਹਨ। ਉਨ੍ਹਾਂ ਦਾ ਅਸਰ ਸਾਡੇ ਖਿਆਲਾਂ ਅਤੇ ਹੁਨਰਾਂ ਉੱਤੇ ਬਹੁਤ ਹੋਇਆ। ਭਾਵੇਂ ਸਾਡੇ ਇਤਿਹਾਸ ਨੇ ਇਸ ਅਸਰ ਦੇ ਸਬੂਤ ਬਹੁਤ ਸਾਰੇ ਗੁਆ ਦਿਤੇ ਹਨ, ਫਿਰ ਭੀ ਸਾਡੀਆਂ ਪੁਰਾਤਨ ਪੁਸਤਕਾਂ ਵਿਚ 'ਯਵਨ' ਪਦ ਦਾ ਮੁੜ ਮੁੜ ਆਉਣਾ ਦਸਦਾ ਹੈ ਕਿ ਯਵਨ (ਯੂਨਾਨੀ) ਲੋਕਾਂ ਦੀ ਆਵਾਜਾਈ ਇਥੇ ਚੋਖੀ ਸੀ। ਗੰਧਾਰ, ਟੈਕਸਲਾ, ਆਦਿ ਸਰਹੱਦੀ ਥਾਵਾਂ ਵਿੱਚ ਪੁਰਾਣੇ ਥੇਹਾਂ ਦੇ ਪੁਟਣ ਤੋਂ ਜੋ ਇਮਾਰਤਾਂ ਦੇ ਨਿਸ਼ਾਨ ਤੇ ਉਨ੍ਹਾਂ ਵਿੱਚ ਪਈਆਂ ਹੋਈਆਂ ਮੂਰਤੀਆਂ ਲਭੀਆਂ ਹਨ, ਉਨ੍ਹਾਂ ਦੀ ਬਣਾਵਟ, ਘਾੜਤ ਤੇ ਉਸਾਰੀ ਦੇ ਢੰਗ ਦਸਦੇ ਹਨ ਕਿ ਸਾਡੇ ਇਮਾਰਤੀ ਅਤੇ ਬੁਤ-ਤਰਾਸ਼ੀ ਦੇ ਹੁਨਰਾਂ ਵਿੱਚ ਯੂਨਾਨੀ ਹੁਨਰਾਂ ਦਾ ਕਿੰਨਾ ਕੁ ਰਲਾ ਸੀ। ਯੂਨਾਨੀ ਲਿਪੀ ਦਾ ਸਾਡੀ ਲਿਪੀ ਨਾਲ ਬਹੁਤ ਗੂੜ੍ਹਾ ਸੰਬੰਧ ਹੈ। ਹੁਣ ਭਾਵੇਂ ਸਾਡੀਆਂ ਲਿਪੀਆਂ ਬਹੁਤ ਵਟ ਗਈਆਂ ਹਨ, ਪਰ ਇਸ ਗੱਲ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਬ੍ਰਹਮੀ ਲਿਪੀ ਜੋ ਸਾਡੀ ਲਿਪੀ ਦਾ ਮੂਲ ਅਧਾਰ ਹੈ ਯੂਨਾਨੀ ਲਿਪੀ ਤੋਂ ਨਿਕਲੀ ਸੀ। ਗੁਰਮੁਖੀ ਲਿਪੀ ਜਾਂ ਟਾਕਰਿਆਂ ਵਿਚ (ਜਿਨ੍ਹਾਂ ਤੋਂ ਗੁਰਮੁਖੀ ਬਣਾਈ ਗਈ) ਅਜੇ ਤਕ ਯੂਨਾਨੀ ਲਿਪੀ ਦੇ ਨਿਸ਼ਾਨ ਮਿਲਦੇ ਹਨ। ਊੜਾ, ਐੜਾ, ਈੜੀ, ਖਖਾ, ਥ, ਫ, ਬ, ਰ ਤਾਂ ਹੂ-ਬਹੂ ਯੂਨਾਨੀ ਅੱਖਰ ਹੀ ਹਨ। ਸ, ਹ, ਕ, ਦ, ਨ, ਪ, ਮ, ਯ, ਲ, ਵ,

ਆਦਿਕ ਥੋੜ੍ਹਾ ਥੋੜ੍ਹਾ ਫਰਕ ਰਖਦੇ ਹਨ, ਪਰ ਨੁਹਾਰ ਦੁਹਾਂ ਪਾਸੇ ਇਕੋ ਜਹੀ ਹੈ।

ਇਸ ਤੋਂ ਇਲਾਵਾ ਸਾਡੇ ਧਾਰਮਕ ਗਿਆਨ ਤੇ ਪੂਜਾ ਦੇ ਢੰਗਾਂ ਉਤੇ ਭੀ ਕੁਝ ਨਾ ਕੁਝ ਯੂਨਾਨੀ ਅਸਰ ਹੋਇਆ। ਆਵਾਗਉਣ ਦਾ ਮਸਲਾ ਭਾਵੇਂ ਯੂਨਾਨੀਆਂ ਨੇ ਸਾਥੋਂ ਲਿਆ ਹੋਵੇ, ਪਰ ਬੁਤ-ਪੂਜਾ ਉਨ੍ਹਾਂ ਤੋਂ ਹੀ ਸਾਡੇ ਪਲੇ ਪਈ।

ਸਾਡੀ ਸਾਹਿੱਤ ਉੱਤੇ ਭੀ ਉਨ੍ਹਾਂ ਦਾ ਅਸਰ ਜ਼ਰੂਰ ਹੋਇਆ। ਸੋਹਣੀ ਮਹੀਂਵਾਲ, ਸਸੀ ਪੁੰਨੂ ਆਦਿ ਦੀਆਂ ਕਹਾਣੀਆਂ ਯੂਨਾਨੀ ਸਾਹਿੱਤ ਵਿੱਚ ਭੀ ਮਿਲਦੀਆਂ ਹਨ। ਇਹ ਹੋ ਨਹੀਂ ਸਕਦਾ ਕਿ ਯੂਨਾਨੀਆਂ ਜਹੀ ਸਾਹਿੱਤ-ਉਪਜਾਊ ਕੌਮ ਨਾਲ ਸਾਡਾ ਵਾਹ ਸਦੀਆਂ ਤੀਕ ਰਹੇ, ਅਤੇ ਸਾਡੀ ਰਹਿਣੀ ਬਹਿਣੀ, ਸਾਡੇ ਰਾਗ ਰੰਗ, ਸਾਡੀ ਸਾਹਿੱਤ ਉੱਤੇ ਡੂੰਘਾ ਅਸਰ ਨਾ ਪਵੇ।

ਯੂਨਾਨੀਆਂ ਦਾ ਇਕ ਉਘਾ ਗੀਤ 'ਓਡ' (Ode) ਸੀ, ਜਿਸਨੂੰ ਇਕ ਕਿਸਮ ਦੀ ਸਰੰਗੀ ਨਾਲ ਗਾਇਆ ਜਾਂਦਾ ਸੀ। ਇਸ ਵਿੱਚ ਕਿਸੇ ਕੌਮੀ ਜੋਧੇ ਦਾ ਜੱਸ ਹੁੰਦਾ ਸੀ ਜਾਂ ਕਿਸੇ ਇਕ ਗੱਲ ਦੀ ਸਿਫ਼ਤ ਹੁੰਦੀ ਸੀ। ਗੱਲ ਦਾ ਇੱਕ ਹੋਣਾ ਜ਼ਰੂਰੀ ਸੀ, ਜਿਸਨੂੰ ਸੰਬੋਧਨ ਕਰਕੇ ਕਵੀ ਆਪਣੇ ਮਨ-ਤਰੰਗ ਜ਼ਾਹਿਰ ਕਰਦਾ ਸੀ। ਭਾਵ ਇਹ ਹੁੰਦਾ ਸੀ ਕਿ ਸੁਣਨ ਵਾਲਿਆਂ ਦਾ ਜਜ਼ਬਾ ਉਕਸਾ ਕੇ ਹਮਦਰਦੀ ਵਿੱਚ ਰੁਆਇਆ ਜਾਏ ਜਾਂ ਕਿਸੇ ਕੰਮ ਲਈ ਗਰਮਾਇਆ ਜਾਂ ਜੋਸ਼ ਦੁਆਇਆ ਜਾਏ। 'ਓਡ' ਦੀ ਰਚਨਾ ਭੀ ਇਕ ਖਾਸ ਤਰ੍ਹਾਂ ਦੀ ਹੁੰਦੀ ਸੀ। ਇਸ ਵਿੱਚ ਸ਼ਲੋਕਾਂ ਤੇ ਪਉੜੀਆਂ ਵਾਕਰ ਸਟ੍ਰੋਫ਼ (Strophe) ਤੇ ਐਂਟੀ-ਸਟ੍ਰੋਫ਼ (Anti-strophe) ਹੁੰਦੇ ਸਨ। ਸਟ੍ਰੋਫ਼ ਨੂੰ ਗਾਉਣ ਵੇਲੇ ਗਵੱਈਆ ਪਿੜ ਦੇ ਇਕ ਸਿਰੇ ਤੋਂ ਦੂਜੇ ਸਿਰੇ ਵਲ ਜਾਂਦਾ ਸੀ; ਅਤੇ ਫਿਰ ਪਿਛਲੇ ਪੈਰੀਂ ਪਰਤ ਕੇ ਐਂਟੀ-ਸਟ੍ਰੋਫ਼ ਗਾਉਂਦਾ ੨ ਆਪਣੀ ਪਹਿਲੀ ਥਾਂ ਤੇ ਆ ਜਾਂਦਾ ਸੀ। ਇਕ ਕੋਰਸ (Chorus) ਭੀ ਹੁੰਦਾ ਸੀ, ਜਿਸਨੂੰ ਰਲ ਕੇ ਸਾਰੇ

ਇਕੱਠੇ ਗਾਉਂਦੇ ਸਨ।

ਪੰਜਾਬੀ 'ਵਾਰ' ਰਚਨਾ ਤੇ ਭਾਵ ਦੇ ਲਿਹਾਜ਼ ਨਾਲ ਬਹੁਤ ਕੁਝ ਇਸ 'ਓਡ' ਨਾਲ ਮਿਲਦੀ ਜੁਲਦੀ ਹੈ। ਵਾਰ ਵਿੱਚ ਭੀ 'ਓਡ' ਵਾਕਰ ਕਿਸੇ ਜੋਧੇ ਦਾ ਜਸ ਹੁੰਦਾ ਹੈ। ਇਸ ਵਿੱਚ ਵਿਚਾਰ ਜਾਂ ਦਲੀਲਬਾਜ਼ੀ ਦੀ ਥਾਂ ਬਿਆਨ ਹੁੰਦਾ ਹੈ। ਬਿਆਨ ਭੀ ਸਾਦਾ ਨਹੀਂ, ਸਗੋਂ ਜੋਸ਼ ਦੁਆਣ ਵਾਲਾ ਜਾਂ ਰੁਆਣ ਵਾਲਾ ਹੁੰਦਾ ਹੈ। ਇਸ ਦੀ ਬਣਾਵਟ ਜਾਂ ਰਚਨਾ ਭੀ ਪਉੜੀਆਂ ਤੇ ਦੋਹੜੇ (ਜਾਂ ਸ਼ਲੋਕ) ਮਿਲ ਕੇ ਓਡ ਵਰਗੀ ਹੀ ਹੋ ਜਾਂਦੀ ਹੈ। ਸਭ ਤੋਂ ਵਧ ਕੇ ਗਾਉਣ ਦੇ ਤਰੀਕਿਆਂ ਵਿੱਚ ਦੋਹਾਂ ਦਾ ਮੇਲ ਹੈ।

4-58

੨.

ਖੈਰ ਵਾਰ ਦਾ ਮੁੰਢ ਭਾਵੇਂ ਕਿਸੇ ਤਰੀਕੇ ਨਾਲ ਹੋਇਆ, ਇਹ ਗੁਰੂ ਸਾਹਿਬਾਨ ਦੇ ਵੇਲੇ ਪੰਜਾਬ ਵਿੱਚ ਚੰਗੀ ਤਰ੍ਹਾਂ ਪ੍ਰਚਲਤ ਸੀ। ਢਾਡੀ ਲੋਕ ਢਡ ਸਰੰਗੀ ਨਾਲ ਜੋਧਿਆਂ ਦੀਆਂ ਵਾਰਾਂ ਗਾਉਂਦੇ ਸਨ। ਵਾਰ ਪਉੜੀਆਂ ਦੀ ਬਣੀ ਹੁੰਦੀ ਸੀ। ਪਉੜੀ ਵਿੱਚ ਥੋੜ੍ਹੀਆਂ ਜਹੀਆਂ ਤੁਕਾਂ ਹੁੰਦੀਆਂ ਸਨ। ਅੰਤਲੀ ਤੁਕ ਛੋਟੀ ਹੁੰਦੀ ਸੀ। ਗਾਉਣ ਵੇਲੇ ਢਾਡੀ ਲੋਕ ਰਸ ਬੰਨ੍ਹਣ ਲਈ ਜਾਂ ਭਾਵ ਨੂੰ ਸਪਸ਼ਟ ਕਰਨ ਲਈ ਪਉੜੀਆਂ ਦੇ ਵਿਚਕਾਰ ਆਪਣੇ ਵਲੋਂ ਦੋਹੜੇ ਜਾਂ ਸ਼ਲੋਕ ਲਾਇਆ ਕਰਦੇ ਸਨ। ਦਖਣੀ ਪੰਜਾਬ ਵਿਚ ਇਨ੍ਹਾਂ ਸ਼ਲੋਕਾਂ ਨੂੰ ਡਖਣੇ ਕਹਿੰਦੇ ਸਨ।

ਗੁਰੂ ਸਾਹਿਬਾਨ ਨੇ ਜਿਵੇਂ ਆਪਣੇ ਦੇਸ ਦੇ ਹੋਰ ਪ੍ਰਚਲਤ ਗੀਤ—ਸਦ, ਘੋੜੀਆਂ, ਬਾਰਾਮਾਹ, ਆਦਿ—ਲੈ ਕੇ ਆਪਣੇ ਉੱਚੇ ਭਾਵਾਂ ਨੂੰ ਹਰ-ਮਨ-ਪਿਆਰਾ ਬਣਾਣ ਲਈ ਵਰਤਿਆ ਹੈ, ਤਿਵੇਂ ਵਾਰ ਨੂੰ ਭੀ ਲਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹੋ ਜਹੀਆਂ ੨੨ ਵਾਰਾਂ ਹਨ, ਜੋ ੧੭ ਰਾਗਾਂ ਦੇ ਹੇਠ ਦਿਤੀਆਂ ਹੋਈਆਂ ਹਨ। ਇਹ ਵਾਰਾਂ ਰਾਗੀ ਲੋਕ ਗੁਰੂ ਜੀ ਦੀ ਹਦਾਇਤ ਅਨੁਸਾਰ ਖ਼ਾਸ ਖ਼ਾਸ ਸੁਰਾਂ ਨਾਲ ਸਿੱਖ ਸੰਗਤਾਂ ਨੂੰ ਗਾ ਕੇ ਸੁਣਾਇਆ ਕਰਦੇ ਸਨ। ਚੂੰਕਿ ਇਨ੍ਹਾਂ ਵਾਰਾਂ ਦੇ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.